# Joint Logo for the Celebration of 50 years of India-Vietnam Diplomatic Relations

June 18, 2022

.......................

## ਭਾਰਤ-ਵੀਅਤਨਾਮ ਕੂਟਨੀਤਕ ਸਬੰਧਾਂ ਦੇ 50 ਸਾਲਾਂ ਪੂਰੇ ਹੋਣ ਦੇ ਜਸ਼ਨ ਦੇ ਮੌਕੇ ਦਾ ਸਾਂਝਾ ਲੋਗੋ

**18 ਜੂਨ, 2022**

ਨਵੀਂ ਦਿੱਲੀ ਵਿੱਚ ਵਿਸ਼ੇਸ਼ ਆਸੀਆਨ-ਭਾਰਤ ਵਿਦੇਸ਼ ਮੰਤਰੀਆਂ ਦੀ ਮੀਟਿੰਗ ਤੋਂ ਛੁੱਟ 17 ਜੂਨ, 2022 ਨੂੰ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਅਤੇ ਵੀਅਤਨਾਮ ਦੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀਮਾਨ ਬੁਈ ਥਾਨਹ ਸੋਨ ਨੇ ਭਾਰਤ-ਵੀਅਤਨਾਮ ਕੂਟਨੀਤਕ ਸਬੰਧਾਂ ਦੇ 50 ਸਾਲਾਂ ਪੂਰੇ ਹੋਣ ਦੇ ਜਸ਼ਨ ਦੇ ਮੌਕੇ ਸਾਂਝਾ ਲੋਗੋ ਲਾਂਚ ਕੀਤਾ।



ਇਹ ਲੋਗੋ ਦੋਵਾਂ ਦੇਸ਼ਾਂ ਦੇ ਨਾਗਰਿਕਾਂ ਦੀ ਸ਼ਮੂਲੀਅਤ ਵਾਲੇ ਖੁੱਲ੍ਹੇ ਮੁਕਾਬਲੇ ਰਾਹੀਂ ਦੋਵਾਂ ਧਿਰਾਂ ਦੁਆਰਾ ਸਾਂਝੇ ਤੌਰ 'ਤੇ ਚੁਣਿਆ ਗਿਆ ਹੈ। ਇਸ ਚਿੱਤਰ ਵਿਚ ਭਾਰਤ ਅਤੇ ਵਿਅਤਨਾਮ ਦੀ ਪੁਰਾਣੀ ਦੋਸਤੀ ਨੂੰ ਕ੍ਰਮਵਾਰ ਮੋਰ ਅਤੇ ਕ੍ਰੇਨ ਰਾਹੀਂ ਦਰਸਾਇਆ ਗਿਆ ਹੈ, ਜੋ ਦੋਨਾਂ ਦੇਸ਼ਾਂ ਅੰਦਰ ਰਾਸ਼ਟਰੀ ਮਹੱਤਵ ਵਾਲੇ ਪੰਛੀ ਹਨ। ਇਸ ਅੰਦਰਲਾ ਅੰਕ 50 ਕੂਟਨੀਤਕ ਸਬੰਧਾਂ ਦੇ 50 ਸਾਲ ਪੂਰੇ ਹੋਣ ਦੀ ਗੱਲ ਦਰਸਾਉਂਦਾ ਹੈ ਅਤੇ ਇਸਦੇ ਕੇਂਦਰ ਵਿੱਚ ਭਾਰਤ ਅਤੇ ਵੀਅਤਨਾਮ ਦੇ ਰਾਸ਼ਟਰੀ ਝੰਡੇ ਚਿਤ੍ਰਿਤ ਹਨ।

ਨਵੀਂ ਦਿੱਲੀ

17 ਜੂਨ, 2022

DISCLAIMER: This is an approximate translation. The original is available in English on MEA's website and may be referred to as the official press release.